# ਪ੍ਰੈਸ ਨੋਟ

ਸ੍ਰੀ ਪਾਟਿਲ ਕੇਤਨ ਬਾਲੀਰਾਮ, ਆਈ.ਪੀ.ਐਸ, ਐਸ.ਐਸ.ਪੀ,ਲੁਧਿਆਣਾ (ਦਿਹਾਤੀ) ਵੱਲੋ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪੁਲਿਸ ਜਿਲ੍ਹਾ ਲੁਧਿਆਣਾ(ਦਿਹਾਤੀ) ਵਿਖੇ ਵਿਧਾਨ ਸਭਾ ਚੋਣਾਂ 2022 ਦੇ ਸਬੰਧ ਵਿੱਚ ਭੈੜੇ ਪੁਰਸਾਂ ਦੀ ਚੈਕਿੰਗ ਕਰਨ ਅਤੇ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਚਲਾਈ ਗਈ ਮੁਹਿੰਮ ਦੌਰਾਨ ਸ੍ਰੀ ਹਰਸ਼ਪ੍ਰੀਤ ਸਿੰਘ, ਪੀ.ਪੀ.ਐਸ, ਡੀ.ਐਸ.ਪੀ, ਐਨ.ਡੀ.ਪੀ.ਐਸ ਨਾਰਕੋਟਿਕਸ, ਲੁਧਿਆਣਾ(ਦਿਹਾਤੀ) ਅਤੇ ਸ੍ਰੀ ਦਲਜੀਤ ਸਿੰਘ ਵਿਰਕ, ਪੀ.ਪੀ.ਐਸ, ਡੀ.ਐਸ.ਪੀ, ਜਗਰਾਉ ਦੀ ਨਿਗਰਾਨੀ ਹੇਠ ਏ.ਐਸ.ਆਈ ਰੇਸ਼ਮ ਸਿੰਘ, ਸਮੇਤ ਪੁਲਿਸ ਪਾਰਟੀ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਬੱਸ ਅੱਡਾ ਸਿੱਧਵਾਂ ਖੁਰਦ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਜਗਤਾਰ ਸਿੰਘ ਉਰਫ ਜੱਗੀ ਪੁੱਤਰ ਸ਼ੇਰ ਸਿੰਘ ਵਾਸੀ ਕੋਠੇ ਸ਼ੇਰ ਜੰਗ, ਹਰਜਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਕੋਟਲਾ ਅਫਗਾਨਾ ਥਾਣਾ ਸਾਹਨੇਵਾਲ ਅਤੇ ਦਲਜੀਤ ਸਿੰਘ ਪੁੱਤਰ ਜਗਸੀਰ ਸਿੰਘ ਵਾਸੀ ਸਿੱਧਵਾਂ ਕਲਾਂ ਥਾਣਾ ਸਦਰ ਜਗਰਾਉ ਜੋ ਤਿੰਨੋ ਰਲ ਕੇ ਅਫੀਮ ਵੇਚਣ ਦਾ ਧੰਦਾ ਕਰਦੇ ਹਨ।ਜੋ ਅੱਜ ਵੀ ਗੱਡੀ ਨੰਬਰੀ ਪੀ.ਬੀ13ਬੀ.ਜੀ9485 ਮਾਰਕਾ ਅਸੋਕ ਲੈਲੇਡ ਵਿੱਚ ਸਵਾਰ ਹੋ ਕੇ ਅਫੀਮ ਦੀ ਸਪਲਾਈ ਕਰਨ ਲਈ ਜਗਰਾਉ ਸ਼ਹਿਰ ਵੱਲ ਆ ਰਹੇ ਹਨ।ਜਿਸਤੇ ਮੁਕੱਦਮਾਂ ਨੰਬਰ 25 ਮਿਤੀ 17.02.2022 ਅ/ਧ 18/25/29 ਐਨ.ਡੀ.ਪੀ.ਐਸ ਐਕਟ ਥਾਣਾ ਸਦਰ ਜਗਰਾਂਉ ਦਰਜ ਰਜਿਸਟਰ ਕੀਤਾ ਗਿਆ।ਮੁਕੱਦਮੇ ਦੀ ਤਫਤੀਸ਼ ਦੌਰਾਨ ਏ.ਐਸ.ਆਈ ਜਨਕ ਰਾਜ ਨੇ ਸਮੇਤ ਪੁਲਿਸ ਪਾਰਟੀ ਦੇ ਸਿੱਧਵਾਂ ਤੋ ਸਵੱਦੀ ਕਲਾਂ ਨੂੰ ਜਾਂਦੇ ਕੱਚੇ ਰਸਤੇ ਪਰ ਨਾਕਾਬੰਦੀ ਕੀਤੀ ਗਈ।ਦੌਰਾਨੇ ਨਾਕਾਬੰਦੀ ਜਗਰਾਉ ਸਾਈਡ ਵੱਲ ਆ ਰਹੀ ਗੱਡੀ ਮਾਰਕਾ ਅਸੋਕਾ ਲੇਲੈਂਡ ਨੂੰ ਰੋਕ ਕੇ ਚੈਕਿੰਗ ਕੀਤੀ ਗਈ।ਇਸੇ ਦੌਰਾਨ ਉੱਕਤ ਗੱਡੀ ਦੀ ਤਲਾਸੀ ਕਰਨ ਤੇ ਉਸ ਵਿੱਚ 13 **ਕਿਲੋ: ਅਫੀਮ ਅਤੇ 12,900/ ਡਰੱਗ ਮਨੀ** ਬਰਾਮਦ ਹੋਈ।ਜਿਸਤੇ ਦੋਸ਼ੀ ਜਗਤਾਰ ਸਿੰਘ ਉਰਫ ਜੱਗੀ ਪੁੱਤਰ ਸ਼ੇਰ ਸਿੰਘ ਵਾਸੀ ਕੋਠੇ ਸ਼ੇਰ ਜੰਗ, ਹਰਜਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਕੋਟਲਾ ਅਫਗਾਨਾ ਥਾਣਾ ਸਾਹਨੇਵਾਲ ਅਤੇ ਦਲਜੀਤ ਸਿੰਘ ਪੁੱਤਰ ਜਗਸੀਰ ਸਿੰਘ ਵਾਸੀ ਸਿੱਧਵਾਂ ਕਲਾਂ ਥਾਣਾ ਸਦਰ ਜਗਰਾਉ ਨੂੰ ਮੁਕੱਦਮਾਂ ਹਜਾ ਵਿੱਚ ਗ੍ਰਿਫਤਾਰ ਕੀਤਾ ਗਿਆ।ਦੋਸ਼ੀਆਂ ਦਾ ਪੁਲਿਸ ਰਿਮਾਂਡ ਹਾਸਿਲ ਕਰਕੇ ਉਸ ਪਾਸੋ ਡੂੰਘਾਈ ਨਾਲ ਹੋਰ ਪੁੱਛਗਿੱਛ ਕੀਤੀ ਜਾਵੇਗੀ।

**ਬਰਾਮਦਗੀ**

1. **ਅਫੀਮ 13 ਕਿਲੋ ਗ੍ਰਾਮ,**
2. **ਡਰੱਗ ਮਨੀ 12,900/ ਰੁਪਏ**
3. **ਗੱਡੀ ਨੰਬਰੀ ਪੀ.ਬੀ 13ਬੀ.ਜੀ 9485 ਮਾਰਕਾ ਅਸ਼ੋਕਾ ਲੇਲੈਂਡ।**

**ਗ੍ਰਿਫਤਾਰ ਕੀਤੇ ਦੋਸ਼ੀਆਨ ਵਿਰੁੱਧ ਪਹਿਲਾਂ ਵੀ ਹੇਠ ਲਿਖੇ ਮੁਕੱਦਮੇ ਦਰਜ ਹਨ :**

***ਦੋਸ਼ੀ ਜਗਤਾਰ ਸਿੰਘ ਉਰਫ ਜੱਗੀ***

| | ਮੁਕੱਦਮਾ ਨੰਬਰ ਅਤੇ ਜੁਰਮ | ਬਰਾਮਦਗੀ |
|---|---|---|
| 1 | ਮੁਕੱਦਮਾ ਨੰਬਰ 341 ਮਿਤੀ 19.11.2007 ਅ/ਧ 15/61/85 ਐਨ.ਡੀ.ਪੀ.ਐਸ ਥਾਣਾ ਸਿਟੀ ਜਗਰਾਉ | 03 ਕੁਇੰਟਲ 90 ਕਿਲੋ ਭੁੱਕੀ |
| 2 | ਮੁਕੱਦਮਾ ਨੰਬਰ 189 ਮਿਤੀ 24.04.2007 ਅ/ਧ 15/61/85 ਐਨ.ਡੀ.ਪੀ.ਐਸ ਥਾਣਾ ਸਦਰ ਪਟਿਆਲਾ | 02 ਕੁਇੰਟਲ ਭੁੱਕੀ |
| 3 | ਮੁਕੱਦਮਾ ਨੰਬਰ 18 ਮਿਤੀ 21.02.2009 ਅ/ਧ 15/61/85 ਐਨ.ਡੀ.ਪੀ.ਐਸ ਥਾਣਾ ਅਹਿਮਦਗੜ੍ਹ | 02 ਕੁਇੰਟਲ 40 ਕਿਲੋ ਭੁੱਕੀ |
| 4 | ਮੁਕੱਦਮਾ ਨੰਬਰ 66 ਮਿਤੀ 01.07.2013 ਅ/ਧ 15/61/85 ਐਨ.ਡੀ.ਪੀ.ਐਸ ਥਾਣਾ ਰਾਏਕੋਟ | 03 ਕੁਇੰਟਲ 60 ਕਿਲੋ ਭੁੱਕੀ |
| 5 | ਮੁਕੱਦਮਾ ਨੰਬਰ 18 ਮਿਤੀ 15.03.2012 ਅ/ਧ 15/61/85 ਐਨ.ਡੀ .ਪੀ.ਐਸ ਥਾਣਾ ਅਹਿਮਦਗੜ੍ਹ | |
| 6 | ਮੁਕੱਦਮਾ ਨੰਬਰ 253 ਮਿਤੀ 08.12.2018 ਅ/ਧ 61/1/14 ਆਬਕਾਰੀ ਐਕਟ ਥਾਣਾ ਜਮਾਲਪੁਰ ਲੁਧਿਆਣਾ | |
| 7 | ਮੁਕੱਦਮਾ ਨੰਬਰ 224 ਮਿਤੀ 28.09.2019 ਅ/ਧ 61/1/4 ਆਬਕਾਰੀ ਐਕਟ ਥਾਣਾ ਸਦਰ ਖਰੜ ਮੋਹਾਲੀ | |

**ਦੋਸ਼ੀ ਹਰਜਿੰਦਰ ਸਿੰਘ**

| | | |
|---|---|---|
| 1 | ਮੁਕੱਦਮਾ ਨੰਬਰ 65/2005 ਅ/ਧ 15/61/85 ਐਨ.ਡੀ. ਪੀ. ਐਸ ਫੋਕਲ ਪੁਆਇੰਟ ਲੁਧਿਆਣਾ | 1 ਕੁਇੰਟਲ 40 ਕਿਲੋ |

**ਦੋਸ਼ੀ ਦਲਜੀਤ ਸਿੰਘ**

| | | |
|---|---|---|
| 1 | ਮੁਕੱਦਮਾ ਨੰਬਰ 252/2019 ਅ/ਧ 323/324/354 ਏ/294/506/148/149 ਭ/ਦ ਥਾਣਾ ਸਦਰ ਜਗਰਾਉ | 1 ਕੁਇੰਟਲ 40 ਕਿਲੋ |
| 2 | ਮੁਕੱਦਮਾ ਨੰਬਰ 248 /2021 ਅ/ਧ 18/25/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ ਜਗਰਾਉ | |

/////